# ਸਵਾ ਪੰਜ ਰੁਪਏ

(ਮੋਹਨ ਸਿੰਘ ਦੀਵਾਨਾ)

ਐਤਵਾਰ ਨੂੰ ਮੈਂ ਸਿਰੀ ਦਰਬਾਰ ਸਾਹਿਬ ਦਰਸ਼ਨਾਂ ਲਈ ਗਇਆ। ਨੀਵੀਂ ਪਾਈ ਪਰਕਰਮਾਂ ਵਿੱਚ ਤੁਰੀ ਜਾਂਦਾ ਸਾਂ। ਸੰਗ ਮਰਮਰ ਤੇ ਲਿਖੀਆਂ ਹੋਈਆਂ ਸੇਵਾ ਦੀਆਂ ਰਕਮਾਂ ਪੜ੍ਹਦਾ ਜਾਂਦਾ ਸਾਂ। ਇਕ ਥਾਂ ਰੁਕ ਗਇਆ।

ਪ।)

ਗਰੀਬ ਸਿੰਘ ਵਲਦ ਕੱਥਾ ਸਿੰਘ, ਸਿਰੀ ਨਗਰ

ਪਹਿਲਾਂ ਤੇ ਇਹ ਸੋਚਿਆ, ਸਦਕੇ ਜਾਈਏ ਸਿੱਖੀ ਦੇ। ਦੇਣ ਵਾਲੇ ਨੇ ਵੀ ਆਪਣੇ ਤਿਲ ਫੁਲ ਦੀ ਕਮ-ਹੈਸੀਅਤੀ ਦਾ ਝੱਕ ਨਾ ਕੀਤਾ—ਸੁਦਾਮੇ ਦੇ ਤੰਦਲ ਬਹੁਤ ਬੜੀ ਚੀਜ਼ ਹਨ—ਅਤੇ ਕਮੇਟੀ ਵਾਲਿਆਂ ਨੇ, ਜੋ ਲੈਣ ਵਾਲੇ ਹਨ, ਪ।) ਜਿੰਨੀ ਥੋਹੜੀ ਰਕਮ ਨੂੰ ਵੀ ਲਿਖਣੋਂ ਨਾਂਹ ਨਾ ਕੀਤੀ। ਏਸ ਦਰਬਾਰ ਵਿੱਚ ਜੋ "ਸੋ ਦਰ" ਦੀ ਅਸਤੂਲ ਸੂਰਤ ਹੈ, ਵੱਡੇ ਛੋਟੇ ਦਾ, ਅਮੀਰੀ ਗਰੀਬੀ ਦਾ ਕੋਈ ਅੰਤਰ ਨਹੀਂ ਰਵਾ ਰਖਿਆ ਜਾਂਦਾ। ਫੇਰ ਖਿਆਲ ਆਇਆ ਵੇਖੋ ਹੋਰ ਸਾਰੀਆ ਕੌਮਾਂ, ਮੁਲਕਾਂ, ਜਾਤੀਆਂ, ਧਰਮਾਂ ਦੇ ਲੋਕੀ ਆਪਣੇ ਨਾਂ ਉੱਚੀਆ ਥਾਵਾਂ ਤੇ ਖੁਣਵਾਉਂਦੇ ਹਨ ਪਰ ਗੁਰਸਿਖ, ਨਾਮ ਦੇ ਰਸੀਏ, ਆਪਣੇ ਨਾਂ ਗੁਰਸਿਖਾਂ ਦਿਆਂ ਪੈਰਾਂ ਹੇਠ ਲਤੜਵਾਉਣਾ ਚਾਹੁੰਦੇ ਹਨ। ਇਹ ਨਿਮਰਤਾ ਦੀ ਹੱਦ ਹੈ। 'ਨਿਵ ਨਿਵ ਲਾਗਾ ਪਾਇ ॥' ਇਸ ਤਰ੍ਹਾਂ ਮਾਨੋ ਸਾਧ ਸੰਗਤ ਦਿਆ ਚਰਨਾਂ ਵਿੱਚ ਵਾਸ ਵੀ ਹੁੰਦਾ ਹੈ, ਕਮਾਈ ਤਾਂ ਖ਼ੈਰ ਸਫਲ ਹੁੰਦੀ ਹੀ ਹੈ। ਫੇਰ ਇਹ ਸੁੱਝ ਆਈ ਕਿ ਏਥੇ ਉਰਦੂ ਹੈ, ਗੁਰਮੁਖੀ ਹੈ, ਸਿੰਧੀ ਹੈ, ਖ਼ਬਰੇ ਲੰਡੇ, ਟਾਕਰੇ ਵੀ ਹੋਣ। ਏਥੇ ਹਰਿਮੰਦਰ ਜੀ ਵਿੱਚ ਸਿੱਖੀ ਦੀ ਭੁਗੋਲਕ ਚੌੜਾਈ ਚਿਤਰੀ ਹੋਈ ਹੈ। ਗੁਰੂ ਮਹਾਰਾਜ ਦਾ ਰਾਜ ਸਾਰੀ ਪਿਰਥਮੀ ਤੇ ਹੈ; ਅਮਰੀਕਾ, ਅਫਰੀਕਾ, ਯੂਰਪ, ਪਾਕਿਸਤਾਨ, ਅਰਬ, ਸਭ ਥਾਵਾਂ ਵਿੱਚ ਵਸਦੇ ਸ਼ਰਧਾਵਾਨਾਂ ਦੀ ਸਰਧਾ ਏਥੇ ਮਹਿਕਦੀ ਟਹਿਕਦੀ ਹੈ...

ਗਰੀਬ ਸਿੰਘ, ਹਾਂ ਹਾਂ, ਮੈਂ ਕਹਿਆ, ਇਹ ਖ਼ਾਲਸਾ ਹੋਟਲ ਵਾਲਾ ਗਰੀਬ ਸਿੰਘ ਹੋਣਾ ਹੈ ਜਿਸ ਦਾ ਖ਼ਾਲਸਾ ਹੋਟਲ ਸਿਰੀ ਨਗਰ, ਪਹਿਲਗਾਮ ਤੇ ਗੁਲਮਰਗ ਤਿੰਨਾਂ ਥਾਵਾਂ ਤੇ ਹੈ ਸੀ—ਹੋਵੇਗਾ ਹੁਣ ਵੀ। ਪਰ ਉਹ ਤੇ ਅਮੀਰ ਹੋ ਗਇਆ ਸੀ, ਓਸ ਨੇ ਕਾਹਨੂੰ ਪਾ) ਕੇਵਲ ਚੜ੍ਹਾਏ ਹੋਣਗੇ। ਨਾਲੇ ਉਹਦੇ ਪਿਉ ਦਾ ਨਾਂ ਕੱਥਾ ਸਿੰਘ ਨਹੀਂ ਸੀ। ਕੱਥਾ ਸਿੰਘ ਤਾਂ ਕਿਸੇ ਗੁਰਦੁਆਰੇ ਵਿਚ ਕਥਾ ਕਰਦਾ ਹੋਣੈ। ਅਸਲ ਵਾਸੀ ਉਹ ਜੰਮੂ ਦਾ ਰਹਿਆ ਹੋਵੇਗਾ। ਫੇਰ ਸਿਰੀ ਨਗਰ ਜਾ ਕੇ ਵਸ ਗਇਆ, ਜਿੱਥੇ ਗਰੀਬ ਸਿੰਘ ਜੰਮਿਆ। ਨਹੀਂ, ਕੱਥਾ ਸਿੰਘ ਸਿਰੀ ਨਗਰ ਦਾ ਹੀ ਸੀ। ਉਹਦਾ ਪਿਉ ਕੱਥਾ ਵੇਚਦਾ ਹੁੰਦਾ ਸੀ, ਚੋਰੀ ਛਪੀ। ਕਿਸੇ ਦਿਨ ਫੜਿਆ ਗਇਆ……

"ਮੈਂ ਏਥੇ ਹੀ ਖਲੋਤਾ ਸਾਂ।

ਸਰਦਾਰ ਜੀ, ਮੈਂ ਗਰੀਬ ਸਿੰਘ ਹਾਂ।

ਅਛਾ ! ਮੈਂ ਕਹਿਆ।

ਤੁਹਾਡੇ ਮਨ ਵਿੱਚ ਕੀ ਸੁਆਲ ਹੈ ?

ਮੈਂ—ਤੂੰ ਭਰਾਵਾ, ਮੇਰੇ ਦਿਲ ਦੀ ਬੁੱਝ ਲਈ।

ਉਹ—ਬਾਬਾ ਜੀ, ਬੜੀਆਂ ਮੁਸ਼ਕਲਾ ਨਾਲ ਮੈਂ ਆਪਣੇ ਦਾਤੇ ਦਾ ਕਰਜ਼ਾ ਲਾਹਿਆ। ਕੁਝ ਨਾ ਪੁੱਛ, ਕਿਸ ਤਰ੍ਹਾਂ ਦਿਨ-ਕਟੀ ਕੀਤੀ। ਦਿਹ ਧੜਕਣ ਲੱਗੀ ਰਹਿੰਦੀ ਸੀ, ਸਾਰੀਆਂ ਮੰਨਤਾਂ ਪੂਰੀਆਂ ਕਰ ਕੇ ਮਰਾਂ, ਨਹੀਂ ਤਾਂ ਗੁਰੂ ਬਾਬੇ ਦਾ ਦੇਣਦਾਰ ਹੋਵਾਂਗਾ। ਖ਼ਬਰੇ ਕਦੋਂ ਫਿਰ ਮਨੁਖ ਜਨਮ ਮਿਲੇ ਤੇ ਕਦੋਂ ਮੈਂ ਦੇਣਾ ਲਾਹ ਸਕਾਂ।

ਮੈਂ—ਗੁਰਮੁਖਾ, ਫਿਰ ਸੁਣਾ ਦੇ ਸਾਰੀ ਵਿਥਿਆ।

* * * * *

ਮੈਂ, ਜੀ, ਸਿਰੀ ਨਗਰ, ਮੀਰਾਂ ਕਦਲ ਦੇ ਗੁਰਦੁਆਰੇ ਵਾਲੇ ਮਹੱਲੇ ਵਿੱਚ, ਰਹਿੰਦਾ ਸਾਂ। ਯਤੀਮ ਸਾਂ। ਬੁੱਢੀ ਮਾਂ ਭਾਂਡੇ ਮਾਂਜ ਮਾਂਜ ਕੇ ਮੈਨੂੰ ਪਾਲਦੀ ਹੁੰਦੀ ਸੀ। ਮੈਂ 16-17 ਵਰ੍ਹਿਆਂ ਦਾ ਹੋ ਕੇ ਭਾਂਡੇ ਟਿੰਡਰ ਮਾਂਜਣ ਤੇ ਲੱਗ ਗਿਆ। ਮਾਂ ਨੇ ਬਥੇਰੀ ਆਖ ਵੇਖ ਕੀਤੀ ਪਰ ਕਿਸੇ ਗਰੀਬ ਦੀ ਕੁੜੀ ਵੀ ਮੈਨੂੰ ਪਰਨਾਣ ਤੇ ਰਾਜ਼ੀ ਨਾ ਹੋਈ। ਮੈਨੂੰ ਵੀ ਵਿਆਹ ਦਾ ਸ਼ੌਕ ਸੀ। ਮੈਂ ਰਾਵਲਪਿੰਡੀ ਆ ਗਇਆ ਘਰੋਂ ਨੱਠ ਕੇ। ਓਥੇ ਨਾਨਕ ਪੁਤੇ ਦੀ ਧਰਮਸਾਲਾ ਵਿੱਚ ਝਾੜੂ-ਬੁਹਾਰੀ ਦੇ ਛੱਡਦਾ ਤੇ ਰੋਟੀਆਂ ਚੜ੍ਹੀਆਂ ਛੱਕ ਛਡਦਾ। ਭਾਈ ਵੀ ਮੈਨੂੰ ਪੁੱਤਰ, ਪੁੱਤਰ ਕਰ ਕੇ

ਬੁਲਾਂਦਾ ਤੇ ਐਧਰ ਓਧਰ ਜਾਣ ਲਈ ਕਹੀ ਜਾਂਦਾ। ਮੈਂ ਗੋਰਾ ਤੇ ਸਾਂ ਹੀ, ਕੱਦ ਵੀ ਚੰਗਾ ਸੀ। ਇਕ ਰੱਜੇ ਪੁੱਜੇ ਘਰ ਦੀ ਮੁਸ਼ਟੰਡੀ, ਪੜ੍ਹੀ ਲਿਖੀ, ਮੇਰੇ ਖਹਿੜੇ ਪੈ ਗਈ। ਕਹਿਆ ਕਰੇ, ਮੈਨੂੰ ਤੇਰੇ ਨਾਲ ਪ੍ਰੇਮ ਹੈ। ਮੈਂ ਕਹਿਆ, ਮੈਂ ਪਰੇਮ ਸ਼ਰੇਮ ਜਾਣਦਾ ਨਹੀਂ। ਤੂੰ ਮਾਫ਼ ਕਰ। ਮੇਰੀ ਮਾਂ ਸੁਣੇਗੀ ਤਾਂ ਕੀ ਕਹੇਗੀ। ਅਸੀਂ ਗ਼ਰੀਬਾਂ ਦੇ ਪੁੱਤਰ, ਅਸਾਂ ਦਸਾਂ ਨਹੁੰਆਂ ਦੀ ਕਮਾਈ ਕਰ ਕੇ ਖਾਣੀ, ਹੱਡ ਘਸਾਣੇ, ਤੂੰ ਕੋਈ ਗਿਟਮਿਟ ਕਰਨ ਵਾਲਾ, ਅਰਾਮ ਤਲਬ ਲੱਭ ਲੈ। ਉਹ ਕਹੇ, ਨਹੀਂ, ਪਰੀਤਮ, ਤੂੰ ਸੋਹਣਾ ਏਂ, ਮਧੁਰ ਏਂ, ਤੂੰ ਜੋਬਨ ਦਾ ਨਕਸ਼ਾ ਏਂ, ਮੈਂ ਤੇਰੇ ਪਿੱਛੇ ਜਾਨ ਕੁਰਬਾਨ ਕਰ ਦਿਆਂਗੀ। ਮੈਂ ਕਹਿਆ, ਇਹ ਚਤਰਾਈਆਂ ਕਿਸੇ ਹੋਰ ਬੂਰਛੇ, ਗੁੰਡੇ ਅੱਗੇ ਜਾ ਕੇ ਬਖਾਣੀਂ। ਮੈਨੂੰ ਤੇਰਾ ਕੋਈ ਖ਼ਿਆਲ ਨਹੀਂ। ਮੈਂ ਤੇ ਕੋਈ ਆਪਣੇ ਵਰਗੀ ਗ਼ਰੀਬ ਕੁੜੀ ਲੱਭਾਂਗਾ, ਜਿਹੜੀ ਮੇਰੇ ਮੋਢੇ ਨਾਲ ਮੋਢਾ ਡਾਹ ਕੇ ਕਮਾਈ ਕਰੇ, ਮੇਰਾ ਘਰ ਸਾਂਭੇ, ਮੇਰੀ ਮਾਂ ਦੀ ਸੇਵਾ ਕਰੇ। ਜੇ ਉਹ ਮੰਨ ਗਈ ਤਾਂ ਮੈਂ ਭਰਤੀ ਹੋ ਜਾਵਾਂਗਾ। ਇਹ ਪਹਿਲੀ ਲੜਾਈ ਦੀ ਗੱਲ ਹੈ।

ਮੈਂ – ਫੇਰ ਕੀ ਹੋਇਆ ?

ਬਾਬਾ ਜੀ, ਉਹ ਗਲੋਂ ਲਹੇ ਈ ਨਾ, ਲੇਹ ਵਾਂਗ ਚੰਬੜ ਗਈ। ਪਤਾ ਨਹੀਂ ਉਸ ਨੂੰ ਮੇਰੀਆਂ ਜੁੱਆਂ ਵਿੱਚ ਕੀ ਲਭਦਾ ਸੀ। ਸਿਆਲੇ ਵਿੱਚ ਮੇਰਿਆਂ ਹੱਥਾਂ ਪੈਰਾਂ ਤੇ ਮਣ ਮਣ ਮੈਲ ਚੜ੍ਹ ਗਈ ਹੋਈ ਸੀ। ਮੈਨੂੰ ਉਹਦੇ ਕੋਲੋਂ ਮੁਸ਼ਕ ਜਹੀ ਆਇਆ ਕਰੇ। ਮੈਂ ਗੁਰੂ ਮਹਾਰਾਜ ਅੱਗੇ ਸੁੱਖਣਾ ਸੁੱਖੀ, ਜੇ ਇਹ ਬਲਾ ਮੇਰੇ ਸਿਰੋਂ ਟਲ ਜਾਏ ਤਾਂ ਮੈਂ ੧) ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ, ਜਾ ਕੇ ਚਾਹੜਾਂਗਾ। ਉਹ ਕਹੇ, ਮੈਂ ਉਲਟੀ ਹੋ ਕੇ ਤੇਰੇ ਮਗਰੇ ਕੁਝ ਲਾ ਦਿਆਂਗੀ। ਬਸ ਜੀ, ਮਸਾਂ ਹੀ ਜਾਨ ਬਚੀ। ਮੈਨੂੰ ਇਕ ਰੇਲ ਦਾ ਬਾਬੂ 12) ਮਹੀਨੇ ਅਤੇ ਰੋਟੀ ਕਪੜੇ ਤੇ ਲਾਹੌਰ ਲੈ ਆਇਆ। ਲਾਹੌਰ ਆ ਕੇ ਮੈਂ ਹੋਰ ਭੋਰ ਹੋ ਗਇਆ। ਸਾਡਾ ਬਾਬੂ ਬੜਾ ਵੱਢੀ ਖੋਰਾ ਸੀ। ਉਹ ਮਾਲਗੁਦਾਮ ਦਾ ਵੱਡਾ ਬਾਬੂ ਸੀ। ਰੋਜ਼ ਜੇਬਾਂ ਭਰ ਕੇ ਲਿਆਉਂਦਾ ਸੀ। ਫਲ, ਤਰਕਾਰੀ, ਕੱਪੜਾ, ਹੋਰ ਸਮਿਆਨ, ਕੋਲੇ—ਬਸ ਆਮਦ ਲਗੀ ਹੀ ਰਹਿੰਦੀ ਸੀ। ਮੈਨੂੰ ਮੇਰੀ ਮਾਂ ਕਹਿੰਦੀ ਹੁੰਦੀ ਸੀ, ਪੁੱਤਰ, ਵੱਢੀ ਦਾ ਰੁਪਈਆ ਕੱਚਾ ਪਾਰਾ ਹੁੰਦਾ ਹੈ, ਸਰੀਰ ਵਿੱਚੋਂ ਨਿਕਲ ਕੇ ਹੀ ਰਹਿੰਦਾ ਹੈ।'

ਮੈਂ—ਤੇਰੀ ਮਾਂ ਬੜੀ ਗੁਰਮੁਖ ਹੋਣੀ ਹੈ !

ਹਾਂ, ਜੀ ਮੇਰਾ ਪਿਊ ਕਥਾ ਕਰਦਾ ਹੁੰਦਾ ਸੀ ਗ਼ਰੀਬਾਂ ਗੁਰਬਿਆਂ ਦਿਆਂ ਮਹੱਲਿਆਂ ਵਿੱਚ। ਨਾਂ ਸੀ ਉਹਦਾ ਭੋਲਾ ਸਿੰਘ ਪਰ ਲੋਕਾਂ ਨੇ ਨਾਂ ਕੱਥਾ ਸਿੰਘ ਰੱਖ

ਲਇਆ ਸੀ । ਲੋ ਜੀ; ਉਹੋ ਗਲ ਹੋਈ । ਬਾਬੂ ਰਹਿੰਦਾ ਸੀ ਦੋ ਮੋਰੀਏ ਪੁਲੋਂ ਪਾਰ, ਜਿਥੇ ਈਸੈਣਾਂ ਰੰਡੀਆਂ ਪੇਸ਼ਾ ਕਰਦੀਆਂ ਹੁੰਦੀਆਂ ਸਨ । ਇੱਕ ਰਾਤ ਬਾਬੂ ਦੇ ਡਾਕਾ ਪਇਆ । ਸਭ ਕੁਝ ਹੂੰਝ ਹਾਂਝ ਕੇ ਲੈ ਗਏ । ਡਾਕੂ ਮੁਸਲਮਾਨ ਸਨ । ਜਾਂਦਿਆਂ ਵਾਰੀ ਕਹਿਣ ਲੱਗੇ, ਬੱਚੂ, ਕਾਫ਼ਰ ਦੇ ਮੂੰਹ ਵਿੱਚ ਮੂਤਰ ਕੇ ਜਾਣਾ ਹੈ । ਤੁਹਾਨੂੰ ਕਾਫ਼ਰਾਂ ਨੂੰ ਸਬਕ ਸਿਖਾ ਕੇ ਛਡਣਾ ਹੈ । ਮੈਂ ਵੀ ਉਥੇ ਹੀ ਸਾਂ । ਮੈਨੂੰ ਰਾਵਲਪਿੰਡੀ ਵਾਲੇ ਭਾਈ ਨੇ ਪੜ੍ਹਾਇਆ ਹੋਇਆ ਸੀ, ਸਿਰ ਜਾਏ ਤੇ ਜਾਏ ਸਿੱਖੀ ਸਿਦਕ ਨਾ ਜਾਏ । ਮੈਂ ਸੋਚਿਆ, ਜਿ ਮੈਨੂੰ ਇਹਨਾਂ ਡਾਕੂਆਂ ਛੇੜਿਆ ਤਾਂ ਮੈਂ ਉਹ ਚਾਕੂ ਜਿਹੜਾ ਆਪਣੇ ਕੋਲ ਰਖਦਾ ਹਾਂ ਹਰ ਵੇਲੇ, ਆਪਣੇ ਢਿਡ ਵਿੱਚ ਖੋਹਬ ਲਵਾਂਗਾ । ਮੈਂ ਅਰਦਾਸ ਕੀਤੀ, ਹੇ ਸਚੇ ਪਾਤਸ਼ਾਹ ਜੇ ਮੈਂ ਇਹਨਾਂ ਦੁਸ਼ਟਾਂ ਤੋਂ ਬਚ ਜਾਂ ਤਾਂ ਮੈਂ ੧।) ਦਾ ਪਰਸ਼ਾਦ ਸਿਰੀ ਅੰਬਰਸਰ ਜਾ ਕੇ ਚਾਹੜਾਂਗਾ ।

ਮੈਂ—ਉਹਨਾਂ ਤੈਨੂੰ ਕੁਝ ਨਾ ਕਹਿਆ ?

ਜੀ, ਬਾਬਾ ਜੀ ਗੁਰੂ ਰਾਖਾ । ਇਕ ਕਹਿਣ ਲੱਗਾ, ਉਏ ਇਨ ਸਿਖੜੇ ਨੂੰ ਵੀ ਫੜੋ । ਦੂਜਾ ਬੋਲਿਆ, ਏਸ ਗੰਦੇ ਨੂੰ ਕੀ ਹੱਥ ਲਾਣੈਂ, ਇਹ ਤੇ ਅੱਗੇ ਹੀ ਮਰਿਆ ਪਇਆ ਹੈ । ਤੀਜਾ ਬੋਲਿਆ, ਚੁੱਕ, ਓਏ ਹਰਾਮੀਆ, ਇਹ ਟਰੰਕ ਚੁੱਕ ਕੇ ਮੋਟਰ ਵਿੱਚ ਰੱਖ ਆ । ਦੂਜੇ ਦਿਨ ਪੁਲਸ ਆਈ । ਬਾਬੂ ਨੂੰ ਸ਼ਕ ਸੀ ਤੇ ਪੱਕਾ ਸ਼ਕ, ਕਿ ਚੋਰੀ ਓਸ ਦੇ ਆਪਣੇ ਇੱਕ ਕਲਰਕ ਦੀ ਸਾਜ਼ਸ਼ ਨਾਲ ਹੋਈ ਹੈ, ਜਿਸ ਨੂੰ ਉਹ ਨਾ ਸਿਰਫ਼ ਵੱਢੀ ਵਿਚੋਂ ਹਿੱਸਾ ਨਹੀਂ ਸੀ ਦੇਂਦਾ, ਬਲਕਿ ਜਿਸ ਉਤੇ ਉਸ ਨੇ ਜੁਰਮਾਨਾ ਵੀ ਦੋ ਵਾਰੀ ਕਰਾ ਦਿੱਤਾ ਸੀ । ਪਰ ਬਾਬੂ ਨਮਰਦ ਦੀ ਹਿੰਮਤ ਨਾ ਪਈ ਕਿ ਸਾਰੀ ਗੱਲ ਦਸੇ । ਉਸ ਨੇ ਡਾਕੇ ਦੀ ਥਾਂ ਚੋਰੀ ਦੀ ਰਪੋਟ ਲਿਖਾਈ । ਹੁਣ ਪੁਲਸ ਨੇ ਆਉਂਦਿਆਂ ਹੀ ਅਸਾਂ ਤਿੰਨਾਂ ਨੌਕਰਾਂ ਨੂੰ ਰਗੜਨਾ ਸ਼ੁਰੂ ਕਰ ਦਿੱਤਾ । ਚਪੜਾਸੀ ਸੀ, ਮਝ ਗਾਂ ਸਾਂਭਣ ਵਾਲਾ ਸੀ, ਤੇ ਮੈਂ ਸਾਂ । ਸਾਨੂੰ ਤਿੰਨਾਂ ਨੂੰ ਫੜ ਤੇ ਲੇ ਗਏ ਥਾਣੇ । ਖੂਬ ਜੁੱਤੀਆਂ ਪਈਆਂ, ਕੋਰੜੇ ਪਏ, ਗਾਹਲਾਂ ਖਾਧੀਆਂ, ਨੱਕ ਰਗੜੇ । ਮੈਂ ਮੰਨਤ ਮੰਨੀ, ਸੱਚੇ ਪਾਤਸ਼ਾਹ, ਜੇ ਏਥੋਂ ਬਚ ਜਾਵਾਂ ॥=) ਚੜ੍ਹਾਵਾਂਗਾ । ਅੱਗੋਂ ਕਦੇ ਅਮੀਰਾਂ ਦੀ ਨੌਕਰੀ ਨਹੀਂ ਕਰਨੀ । ਇਹਨਾਂ ਪਾਪੀਆਂ ਦਾ ਲੂਣ ਲਹੂ ਹੁੰਦਾ ਹੈ । ਹੁਣ ਤੇ ਸਰਕਾਰੀ ਨੌਕਰੀ ਕਰਾਂਗਾ । ਭਰਤੀ ਹੋ ਜਾਂਗਾ ।

ਮੈਂ—ਸਤਿਗੁਰੂ ਬਹੁੜੇ ?

ਜੀ, ਬਾਬਾ ਜੀ, ਜੇ ਚਾਹੁਣ ਤਾਂ ਐਂਜ ਬਹੁੜਦੇ ਨੇ, ਜਿਵੇਂ ਕੋਲ ਹੀ ਖਲੋਤੇ ਹੋਣ । ਇਕੋ ਰਾਤ ਅਸੀਂ ਹਵਾਲਾਤ ਵਿੱਚ ਰਹੇ । ਦੂਜੇ ਦਿਨ ਬਾਬੂ ਆਣ ਕੇ ਮੈਨੂੰ

ਕਢਵਾ ਕੇ ਲੈ ਗਇਆ। ਪਤਾ ਨਹੀਂ ਕੀ ਹੋਇਆ। ਮੈਂ ਘਰ ਪਹੁੰਚ ਕੇ ਬਾਬੂ ਦੀ ਵੱਡੀ ਧੀ ਨੂੰ ਵਾਸਤੇ ਪਾਏ, ਬੀਬੀ ਮੇਰੀ ਦੋ ਸਾਲ ਦੀ ਤਨਖਾਹ ਮੈਨੂੰ ਦਿਵਾ ਦਿਉ। ਮੈਂ ਆਪਣੇ ਦੇਸ ਸਿਰੀ ਨਗਰ ਜਾਵਾਂਗਾ। ਬੀਬੀ ਨੂੰ ਤਰਸ ਆ ਗਇਆ। ਉਸ ਨੇ ਆਪਣੀ ਇੱਕ ਚੂੜੀ ਮੈਨੂੰ ਲਾਹ ਦਿੱਤੀ ਤੇ ਕਹਿਣ ਲੱਗੀ, ਹਰਨ ਹੋ ਜਾ। ਬਾਬੂ ਜੀ ਤੇ ਅੱਗੇ ਹੀ ਲੁੱਟੇ ਪੁੱਟੇ ਗਏ ਨੇ, ਉਹਨਾਂ ਤੈਨੂੰ ਤਨਖਾਹ ਕੀ ਦੇਣੀ ਹੈ। ਮੈਂ ਹੀ ਤੈਨੂੰ ਲਿਆਉਣ ਲਈ ਆਖ ਵੇਖ ਕੇ ਬਾਬੂ ਜੀ ਨੂੰ ਭਿਜਵਾਇਆ ਸੀ।

ਮੈਂ ਤੂੰ ਫੇਰ ਭਰਤੀ ਹੋ ਗਇਆ ?

ਦੂਜੇ ਹੀ ਦਿਨ ਬਸਰੇ ਚਲਾ ਗਇਆ, 'ਲਸ਼ਕਰ' ਬਣ ਕੇ।

ਮੈਂ—ਲਸ਼ਕਰ ਕੀ।

ਸਫ਼ਰ ਮੈਨਾਂ ਵਿੱਚ ਚਪੜਾਸੀ। ਪਰ ਤਨਖਾਹ ਚੋਖੀ, 60) ਮਹੀਨਾ, ਰੋਟੀ ਵੀ ਸਰਕਾਰੀ ਤੇ ਵਰਦੀ ਵੀ ਸਰਕਾਰੀ। ਮੈਨੂੰ ਤੇ, ਬਾਬਾ ਜੀ, ਬਾਦਸ਼ਾਹੀ ਮਿਲ ਗਈ। ਮੈਂ ਸੱਠ ਦੇ ਸੱਠ ਹੀ ਘਰ ਮਾਂ ਨੂੰ ਘੱਲ ਦੇਂਦਾ। ਭੈੜੀ ਵਾਦੀ ਮੈਂ ਕੋਈ ਲਾਗੇ ਨਹੀਂ ਲੱਗਣ ਦਿੱਤੀ ਸੀ। ਸਾਹਬ ਲੋਕ, ਗੋਰੇ, ਜੋ ਬਖ਼ਸ਼ੀਸ਼ ਦੇ ਜਾਂਦੇ, ਉਸ ਨਾਲ ਮੇਰਾ ਦੁੱਧ ਚੱਲ ਜਾਂਦਾ। 1923 ਵਿਚ ਮੈਂ ਵਾਪਸ ਆਇਆ। ਸਿੱਧਾ ਮਾਂ ਨੂੰ ਮਿਲਿਆ। ਮਾਂ ਨੇ ਮੇਰੀ ਅਫ਼ਸਰੀ ਤੇ ਅਮੀਰੀ ਦੀਆਂ ਧੁੱਮਾਂ ਪਾ ਰਖੀਆਂ ਸਨ। ਦਸ ਦਿਨ ਲੰਘੇ ਤੇ ਕਹਿਣ ਲਗੀ, ਲੈ, ਗਰੀਬ ਸਿੰਘਾ, ਅੱਗੇ ਇੱਕ ਨਹੀਂ ਸੀਓ ਜੁੜਦੀ, ਹੁਣ ਤਿੰਨ ਸਾਕ ਆਏ ਪਏ ਨੀ। ਚੁਣ ਲੈ। ਮੈਂ ਬੜਾ ਹਰਾਨ ਹੋਇਆ। ਮਾਂ ਨਾਲ ਲੜਨ ਲੱਗਾ ਕਿ ਇਹ ਚੁਣਨ ਵਾਲੀ ਕੀ ਭੈੜੀ ਗਲ ਆਖੀ ਆ। ਇਹ ਵੀ ਕੋਈ ਸ਼ਿਕਾਰੇ ਨੇ, ਕਿ ਸੇਬ ਨੇ, ਕਿ ਪਸ਼ਮੀਨੇ ਦੀਆਂ ਚਾਦਰਾਂ। ਗੁਜ਼ਾਰਾ ਹੀ ਕਰਨੈਂ, ਕੋਈ ਜਨਾਨੀ ਜਣਾਂ ਗੰਢ ਦਿੱਤੇ ਜਾਣ, ਗੁਜ਼ਾਰਾ ਕਰ ਲੈਣਗੇ ਜੇ ਬੇਵਕੂਫ਼ ਜਾਂ ਲੁਚੇ ਨਾ ਹੋਏ ਤਾਂ। ਗੱਲ ਕੀ, ਜੀ, ਮੇਰਾ ਵਿਆਹ ਹੋ ਗਇਆ! ਮੈਂ ਖੁਸ਼ੀ ਵਿੱਚ ਆਖਿਆ, ਸੱਚੇ ਪਾਤਸ਼ਾਹ, ਜਿਥੇ ਮੈਂ ਪਿਛਲੀਆਂ ਸੁਖਣਾਂ ਲਾਹਣੀਆਂ ਨੇ ਆਪ ਹਾਜ਼ਰ ਹੋ ਕੇ ਦਰਬਾਰ ਸਾਹਿਬ, ਉਥੇ ਇਹ ਵਿਆਹ ਦੀ ਖੁਸ਼ੀ ਦੀ ਸੁਖਣਾ ੧।) ਵੀ ਲਾਹ ਦਿਆਂਗਾ। ਵਿਆਹ ਤੋਂ ਮਗਰੋਂ ਮੈਂ ਆਪਣੀ ਵਹੁਟੀ ਪਾਰੋਂ ਤੇ ਮਾਂ ਸਰਦੇ ਨਾਲ ਸਲਾਹ ਕਰ ਕੇ ਰੁਪਏ ਭੰਨ ਕੇ ਟਾਂਗਾ ਵਾਹੁਣਾ ਸਿਖਿਆ ਤੇ ਚਲਾਣਾ ਸ਼ੁਰੂ ਕਰ ਦਿੱਤਾ। ਬਸਰੇ ਰਹਿੰਦਿਆਂ ਮੈਨੂੰ ਖਬਰਾਂ ਸੁਣਨ ਦਾ ਝੱਸ ਪੈ ਗਇਆ ਸੀ। ਮੈਂ ਸਵਾਰੀਆਂ ਕੋਲੋਂ ਪੁਛਦਾ, ਕਿਉਂ ਜੀ, ਕੋਈ ਤਾਜ਼ਾ ਖਬਰ ਤੇ ਸੁਣਾਓ। ਅਸੀਂ ਤੇ ਅਖ਼ਬਾਰ ਆਪ ਪੜ੍ਹ ਨਹੀਂ ਸਕਦੇ। ਇੱਕ ਦਿਨ ਇੱਕ ਅਕਾਲੀ ਸਿੰਘ

ਮੇਰੇ ਟਾਂਗੇ ਤੇ ਬੈਠਾ। ਉਸ ਨੇ ਦਸਿਆ ਕਿ ਜੈਤੋ ਦਾ ਮੋਰਚਾ ਲਗਣ ਵਾਲਾ ਹੈ। ਸੂਰਮੇ ਚਾਹੀਦੇ ਨੇ। ਮੈਂ ਸੋਚਿਆ 60 ਰੁਪਈਆਂ ਲਈ ਜਾਨਾਂ ਵਾਰਨ ਨੂੰ ਅਸੀਂ ਬਸਰੇ ਚਲੇ ਗਏ। ਗੁਰੂ ਦੀ ਸੇਵਾ ਵਿੱਚ ਮੁਫ਼ਤ ਜਾਨ ਲੜਾਉਣੀ ਸਾਡਾ ਧਰਮ ਹੈ। ਮੈਂ ਤੀਜੇ ਦਿਨ ਚੁਪ ਚੁਪੀਤਿਆਂ ਸਿਰੀ ਨਗਰੋਂ ਪੰਜਾਬ ਵੱਲ ਤੁਰ ਪਇਆ ਤੇ ਜੈਤੋ ਪਹੁੰਚ ਗਇਆ। ਮੋਰਚੇ ਵਿੱਚ ਸ਼ਾਮਲ ਹੋਇਆ। ਸੱਟਾਂ ਬੜੀਆਂ ਖ਼ਤਰਨਾਕ ਲਾਈਆਂ ਗਈਆਂ ਸਨ ਮੈਨੂੰ ਤੇ ਪੰਜ ਛੀ ਹੋਰਨਾਂ ਨੂੰ। ਮੈਂ ਜ਼ਖਮੀ ਪਇਆ ਸਾਂ। ਟਿੱਕ ਅਕਾਲੀ ਨੂੰ ਮੈਂ ਕਹਿਆ, ਸਿੰਘ ਜੀ, ਮੇਰਾ ਤਾਂ ਕਾਲ ਆਇਆ ਦਿਸਦਾ ਹੈ। ਗੁਰੂ ਬਾਬੇ ਦਾ ਮੈਂ ਦੇਣਦਾਰ ਹਾਂ, ੪।।=) ਮੈਂ ਸੁਖਣਾ ਦੇਣੀ ਹੈ। ਮੇਰੇ ਪਾਸ ਐਸ ਵੇਲੇ ਪ।) ਹਨ। 10 ਆਨਿਆਂ ਦੀ ਸੁਖਣਾ ਇੱਕ ਮੈਂ ਹੋਰ ਸੁਖਦਾ ਹਾਂ ਜੇ ਮੇਰੇ ਪਿਛੋਂ ਤੁਸੀਂ ਇਹ ਪ।) ਆਪ ਜਾ ਕੇ ਸਿਰੀ ਦਰਬਾਰ ਸਾਹਿਬ ਦੇ ਕੇ ਮੇਰਾ ਤੇ ਮੇਰੇ ਪਿਤਾ ਦਾ ਨਾਂ ਸੰਗ ਮਰਮਰ ਤੇ ਲਿਖਵਾ ਦੇਣਾ, ਨਾਲੇ ਸਿਰੀ ਨਗਰ।

ਮੈਂ—ਉਹ 10 ਆਨਿਆਂ ਦੀ ਸੁਖਣਾ ਕੀ ਸੀ ?

ਮੇਰੀ ਵਹੁਟੀ ਦੇ ਪੇਟ ਵਿਚ ਬੱਚਾ ਸੀ। ਮੈਂ ਸੁਖਿਆ ਜੇ ਮੁੰਡਾ ਹੋਵੇ ਤੇ ਸਾਡਾ ਬੰਸ ਅੱਗੇ ਤੁਰੇ। ਮੁੰਡੇ ਦੇ ਸਹਾਰੇ ਮੇਰੀ ਵਹੁਟੀ ਮੇਰੀ ਹੀ ਰਹੇਗੀ ਤੇ ਰੰਡੇਪਾ ਕਟ ਕੇ ਬੱਚੇ ਨੂੰ ਪਾਲ ਲਏਗੀ। ਗਰੀਬਾਂ ਦੀ ਇਹੋ ਕੁਝ ਹਵਸ ਹੁੰਦੀ ਹੈ।

ਮੈਂ—ਫੇਰ ਕੀ ਹੋਇਆ ?

ਗਰੀਬ ਸਿੰਘ ਨੂੰ ਵਾਹਿਗੁਰੂ ਨੇ ਸ਼ਹੀਦੀ ਬਖ਼ਸ਼ੀ।

ਮੈਂ ਅੱਖੀਆਂ ਚੁਕੀਆਂ ਤਾਂ ਉਥੇ ਕੋਈ ਗਰੀਬ ਸਿੰਘ ਨਹੀਂ ਸੀ।

*   *   *   *

ਮੈਂ ਤੁਰੀ ਗਇਆ। ਇਹ ਗਲਬਾਤ ਹੋਈ ਸੰਤ ਗੁਰਮੁਖ ਸਿੰਘ ਵਾਲੀ ਬਾਹੀ ਵਿੱਚ ਪ੍ਰਜਾ ਪਰਕਰਮਾਂ ਵਿੱਚ, ਤਾਂ ਮੇਰੇ ਪਿਛੇ ਇੱਕ ਜੋੜੀ ਬਾਬਾ ਅਟੱਲ ਸਾਹਿਬ ਵਲੋਂ ਆ ਰਹੀ ਸੀ, ਮਰਦ ਬੁਢਾ ਸੀ, ਜ਼ਨਾਨੀ ਜੁਆਨ। ਖ਼ਬਰੇ ਦੂਜੀ ਜਾਂ ਤੀਜੀ ਬੀਵੀ ਹੋਵੇਗੀ। ਬੀਵੀ ਲਾਲ ਪੀਲੀ ਹੋਈ ਊਲ ਜਲੂਲ ਬੱਕ ਰਹੀ ਸੀ। ਮੈਂ ਥੋੜਾ ਜਿੰਨਾ ਹੀ ਸੁਣਿਆ ਤੇ ਪਰੇਸ਼ਾਨ ਹੋ ਕੇ ਕਾਹਲੀ ਕਾਹਲੀ ਟੁਰਦਾ ਡੇਉੜੀ ਸਾਹਿਬ ਵੱਲ ਆ ਗਿਆ। ਜ਼ਨਾਨੀ ਕਹਿ ਰਹੀ ਸੀ : "ਤੁਹਾਡੀ ਤੇ ਮਤ ਮਾਰੀ ਗਈ ਹੈ। ਮੈਂ ਸੌ ਵਾਰੀ ਸਮਝਾਇਐ, ਕੋਈ ਮੈਂ ਤੱਤੀ ਦਾ ਵੀ ਖਿਆਲ ਕਰਿਆ ਕਰੋ। ਕਲ੍ਹ ਨੂੰ ਤੁਹਾਨੂੰ ਕੁਝ ਹੋ ਗਇਆ, ਬਹਿ ਤਾਂ ਤੁਸਾਂ ਰਹਿਣਾ ਹੀ ਨਹੀਂ, ਤਾਂ ਮੇਰਾ ਕੀ ਬਣੇਗਾ। ਖ਼ਰਚ ਕਰਨਾ ਰਾਹ ਰੰਗ ਦਾ ਹੁੰਦਾ ਹੈ। ਕਿਹੜੀ ਐਡੀ ਤੁਸਾਂ

ਸੁਖਣਾ ਸੁਖੀ ਸੀ ? ਕਿ ਮੈਂ ਮਰ ਜਾਵਾਂ ਤੇ ਚੋਥਾ ਵਿਆਹ ਕਰੇਂ ? ਦੱਸੋ, ਗਜ਼ਬ ਸਾਈਂ ਦਾ, ਪਾ) ਦੀਆਂ ਰੋਟੀਆਂ ਵੰਡ ਆਏ । ਉਹਨਾਂ ਰੰਡੀਆਂ, ਮੁਣਸ ਖਾਣੀਆਂ ਨੂੰ ਤੇ ਦਿਹਾੜੀ ਚਾਰ ਚਾਰ ਵਾਰੀ ਰੋਟੀਆਂ ਉਹ ਆਪ ਹੀ ਵਰਤਾਂਦੇ ਨੇ । ਉਹ ਪਾ) ਕੰਮ ਆਉਂਦੇ । ਐਸ ਸਾਲ ਮੈਂ ਨਾ ਕੋਈ ਗਰਮ ਬਨੈਨ ਲਈ ਹੈ, ਨਾ ਗਰਮ ਜਰਾਬਾਂ । ਵੱਡੇ ਦਾਨੀ ਤੇ ਉੱਚੇ ਰਈਸ ਆਏ, ਪਲਕ ਵਿੱਚ ਪੁੱਟ ਸੁੱਟੇ ਪਾ), ਜਿਵੇਂ ਗੁਰੂ ਸਾਹਿਬ ਪਾ) ਨਾਲ ਰੀਝ ਜਾਣਗੇ ਤੇ ਤੈਨੂੰ ਥੈਲੀਆਂ ਵਸਾ ਦੇਣਗੇ, ਤੈਨੂੰ ਜੁਆਨ ਕਰ ਦੇਣਗੇ ਤੇ ਤੇਰੇ ਘਰ ਸੱਤ ਪੁੱਤਰ ਕੱਠੇ ਹੀ ਭੇਜ ਦੇਣਗੇ ।"

ਮੈਂ ਕਹਿਆ, ਸ਼ਾਬਾ ਸ਼ੈ ਤੇਰੀ ਜੰਮਣ ਵਾਲੀ ਨੂੰ ।